# ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

ਸੇਵਾ ਵਿਖੇ

ਡਾਇਰੈਕਟਰ,
ਲੋਕ ਸੰਪਰਕ ਵਿਭਾਗ, ਪੰਜਾਬ,
ਚੰਡੀਗੜ੍ਹ।

ਮਿਤੀ: 14-10-2022

ਨੰ:ਸਿਖ-9(270)2022/32796

ਵਿਸ਼ਾ:- ਸੈਸ਼ਨ 2022-23 ਦੌਰਾਨ ਡੀ.ਫਾਰਮੇਸੀ ਕੋਰਸ ਦੀਆਂ ਕੁੱਝ ਖਾਲੀ ਸੀਟਾ ਭਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੰਸਥਾਂ ਵਿਖੇ ਡੀ.ਫਾਰਮੇਸੀ ਕੋਰਸ (ਦੋ ਸਾਲਾਂ) ਸੈਸ਼ਨ 2022-23 ਦੌਰਾਨ ਕੁੱਝ ਸੀਟਾਂ ਖਾਲੀ ਰਹਿ ਗਈਆਂ ਹਨ। ਇਨ੍ਹਾਂ ਸੀਟਾਂ ਨੂੰ ਭਰਨ ਲਈ ਦਾਖਲਾ ਨੋਟਿਸ ਦੀਆਂ 4 ਕਾਪੀਆਂ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦਾਖਲਾ ਨੋਟਿਸ ਨੂੰ ਪੰਜਾਬ ਕੇਸਰੀ, ਦਾ ਟ੍ਰਿਬਿਊਨ ਅਤੇ ਜਗ ਬਾਣੀ ਅਖਬਾਰ ਜਲਦੀ ਤੋਂ ਜਲਦੀ ਛਪਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ। ਦਾਖਲੇ ਲਈ ਅਰਜੀ ਦੇਣ ਦੀ ਆਖਰੀ ਮਿਤੀ 19.10.2022 ਹੈ ਜੀ।ਵਧੇਰੇ ਜਾਣਕਾਰੀ ਲਈ ਕਾਲਜ ਦੀ ਵੈਬਸਾਇਟ www.gmcpatiala.com ਤੇ ਸੰਪਰਕ ਕੀਤਾ ਜਾਵੇ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

ਪੰਕਜ ਗੋਸਵਾਮੀ/ਸੰਦੀਪ ਕੁਮਾਰ/ਗੁਰਚਰਨ ਸਿੰਘ

ਨੰ:ਸਿਖ-9(88)2022/ ਮਿਤੀ:

ਉਤਾਰਾ:

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆਂ, ਪੰਜਾਬ, ਚੰਡੀਗੜ੍ਹ।
2) ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਮੈਡੀਕਲ ਕਾਲਜ, ਪਟਿਆਲਾ।

ਨੂੰ ਸੂਚਨਾਂ ਤੇ ਲੋੜੀਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ।

3) ਪ੍ਰੋਫੈਸਰ ਤੇ ਮੁੱਖੀ, ਫਾਰਮੇਸੀ ਵਿਭਾਗ ਨੂੰ ਉਹਨਾਂ ਦੇ ਪੱਤਰ 588 ਮਿਤੀ 14/10/2022 ਦੇ ਹਵਾਲੇ ਵਿਚ ਸੂਚਨਾਂ ਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

ਪੰਕਜ ਗੋਸਵਾਮੀ/ਸੰਦੀਪ ਕੁਮਾਰ/ਗੁਰਚਰਨ ਸਿੰਘ

## ਸਰਕਾਰੀ ਮੈਡੀਕਲ ਕਾਲਜ, ਪਟਿਆਲਾ

## ਡਿਪਲੋਮਾ ਫਾਰਮੇਸੀ ਦਾਖਲਾ ਨੋਟਿਸ

ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2022-23 ਦੌਰਾਨ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਡੀ-ਫਾਰਮੇਸੀ (2 ਸਾਲਾਂ) ਕੋਰਸ ਲਈ ਕੁਝ ਸੀਟਾਂ ਖਾਲੀ ਪਈਆ ਹਨ। ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰ ਮਿਤੀ 19-10-2022 ਨੂੰ ਦੁਪਿਹਰ 2.00 ਵਜੇ ਤੱਕ ਵੈੱਬ ਸਾਈਟ www.psbte.gov.in ਤੇ ਆਨਲਾਇਨ ਅਪਲਾਈ ਕਰਨ ਉਪਰੰਤ ਇਸ ਸੰਸਥਾਂ ਦੇ ਫਾਰਮੇਸੀ ਵਿਭਾਗ ਵਿਖੇ ਅਰਜੀ ਦੇ ਸਕਦੇ ਹਨ। ਦਾਖਲੇ ਦੀ ਯੋਗਤਾ 10+2 ਮੈਡੀਕਲ ਜਾਂ ਨਾਨ ਮੈਡੀਕਲ ਹੋਵੇਗੀ। ਦਾਖਲਾ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਅਤੇ ਉਦਯੋਗਿਕ ਸਿਖਲਾਈ, ਚੰਡੀਗੜ੍ਹ ਵੱਲੋ ਉਹਨਾ ਦੀ ਵੈੱਬ ਸਾਈਟ www.psbte.gov.in ਤੇ ਉਪਲਬੱਧ ਹਦਾਇਤਾਂ/ ਨਿਯਮਾ ਅਨੁਸਾਰ ਕੀਤਾ ਜਾਵੇਗਾ। ਦਾਖਲੇ ਲਈ ਕੌਸਲਿੰਗ ਮਿਤੀ 20.10. 2022 ਨੂੰ ਫਾਰਮੇਸੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਸਵੇਰੇ 9.00 ਵਜੇ ਹੋਵੇਗੀ। ਕੌਸਲਿੰਗ ਸਮੇ ਅਸਲ ਦਸਤਾਵੇਜ, ਸਰਟੀਫਿਕੇਟ ਦੀਆਂ ਫੋਟੋ ਕਾਪੀਆ, ਦੋ ਪਾਸਪੋਰਟ ਸਾਈਜ਼ ਫੋਟੋਆਂ ਅਤੇ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਅਤੇ ਉਦਯੋਗਿਕ ਸਿਖਲਾਈ, ਚੰਡੀਗੜ੍ਹ ਵੱਲੋਂ ਨਿਰਧਾਰਿਤ ਫੀਸ ਲੈ ਕੇ ਆਉਣਾ ਜਰੂਰੀ ਹੈ। ਮਿਤੀ 21.10.2022 ਤੋ ਬਾਅਦ ਖਾਲੀ ਰਹਿ ਗਈਆ ਸੀਟਾਂ ਪਹਿਲਾਂ ਆਓ ਪਹਿਲਾ ਪਾਓ ਦੇ ਆਧਾਰ ਤੇ ਭਰੀਆ ਜਾਣਗੀਆਂ।

ਸਹੀ/-

ਡਾਇਰੈਕਟਰ ਪ੍ਰਿੰਸੀਪਲ,

ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

ਪ੍ਰੋਫੈਸਰ ਅਤੇ ਮੁੱਖੀ
ਫਾਰਮੇਸੀ ਵਿਭਾਗ,
ਗੌ. ਮੈਡੀਕਲ ਕਾਲਜ, ਪਟਿਆਲਾ